ਨੰ:4-102-8ਪੀ3/90/[illegible]-7।

ਪੰਜਾਬ ਸਰਕਾਰ
ਆਮ ਰਾਜ ਪ੍ਰਬੰਧ ਵਿਭਾਗ
(ਰਾਜਨੀਤਕ-3-ਸ਼ਾਖਾ)

ਵੱਲ

ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼।

ਮਿਤੀ, ਚੰਡੀਗੜ੍ਹ 19-2-1999

ਵਿਸ਼ਾ:- ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰਾਂ ਵੱਲੋਂ ਫਰੀਡਮ ਫਾਈਟਰਾਂ ਦੇ ਸਵਰਗਵਾਸ ਹੋਣ ਤੇ ਉਨ੍ਹਾਂ ਦੇ ਸੰਸਕਾਰ ਸਮੇਂ ਸਰਕਾਰ ਵੱਲੋਂ ਪ੍ਰਤੀਨਿਧਤਾ ਕਰਨ ਸਬੰਧੀ।

***

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਸਰਕਾਰ ਦੇ ਪੱਤਰ ਨੰ:4-102-8ਪੀ3-90/16279, ਮਿਤੀ 19 ਅਕਤੂਬਰ, 1990, ਅੱਧ ਸਰਕਾਰੀ ਪੱਤਰ ਨੰ:4-102-8ਪੀ3-90/19591, ਮਿਤੀ 15-11-91 ਅਤੇ ਬਾਅਦ ਵਿੱਚ ਜਾਰੀ ਕੀਤੇ ਪੱਤਰ ਨੰ:4-102-8ਪੀ3-90/17976, ਮਿਤੀ 7.10.1992 ਵੱਲ ਆਪ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਰਾਜ ਸਰਕਾਰ ਵੱਲੋਂ ਇਹ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਜਦੋਂ ਵੀ ਕੋਈ ਫਰੀਡਮ ਫਾਈਟਰ ਦਾ ਸਵਰਗਵਾਸ ਹੁੰਦਾ ਹੈ ਤਾਂ ਸਬੰਧਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਜਾਂ ਡਿਪਟੀ ਕਮਿਸ਼ਨਰ ਦੇ ਰੁੱਝੇ ਹੋਏ ਹੋਣ ਦੀ ਸੂਰਤ ਵਿੱਚ ਵਧੀਕ ਡਿਪਟੀ ਕਮਿਸ਼ਨਰ, ਸਵਰਗਵਾਸੀ ਫਰੀਡਮ ਫਾਈਟਰ ਦੇ ਸੰਸਕਾਰ ਸਮੇਂ ਸਰਕਾਰ ਦੀ ਪ੍ਰਤੀਨਿਧਤਾ ਕਰੇਗਾ। ਇਹ ਫੈਸਲਾ ਸਰਕਾਰ ਵੱਲੋਂ ਸੁਤੰਤਰਤਾ ਸੰਗਰਾਮੀਆਂ ਨੂੰ ਸਨਮਾਨ ਦੇਣ ਲਈ ਹੈ।

ਮਿਤੀ 17.12.98 ਨੂੰ ਫਰੀਡਮ ਫਾਈਟਰਜ਼ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਫਰੀਡਮ ਫਾਈਟਰਜ਼ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਵੱਲੋਂ ਫਰੀਡਮ ਫਾਈਟਰਜ਼ ਮੰਤਰੀ ਜੀ ਦੇ ਧਿਆਨ ਵਿੱਚ ਲਿਆਂਦਾ ਹੈ ਕਿ ਜਦੋਂ ਜ਼ਿਲ੍ਹਾ ਪੱਧਰ ਦੇ ਕਿਸੇ ਫਰੀਡਮ ਫਾਈਟਰਜ਼ ਦਾ ਸਵਰਗਵਾਸ ਹੋ ਜਾਂਦਾ ਹੈ ਤਾਂ ਸਬੰਧਤ ਡਿਪਟੀ ਕਮਿਸ਼ਨਰ ਦਾ ਕੋਈ ਨੁਮਾਇੰਦਾ ਸੰਸਕਾਰ ਸਮੇਂ ਹਾਜ਼ਰ ਹੋ ਕੇ ਸਵਰਗਵਾਸੀ ਸੁਤੰਤਰਤਾ ਸੰਗਰਾਮੀ ਨੂੰ ਸਨਮਾਨ ਪੇਸ਼ ਨਹੀਂ ਕਰਦਾ। ਇਹ ਜ਼ਰੂਰੀ ਹੈ ਕਿ ਇਨ੍ਹਾਂ ਸਵਰਗਵਾਸੀ ਫਰੀਡਮ ਫਾਈਟਰਾਂ ਨੂੰ ਯੋਗ ਸਨਮਾਨ ਦਿੱਤਾ ਜਾਵੇ। ਇਸ ਸਬੰਧ ਵਿੱਚ ਇਕ ਵਾਰ ਫਿਰ ਬੇਨਤੀ ਕੀਤੀ ਜਾਂਦੀ ਹੈ ਕਿ ਸਬੰਧਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਜਾਂ ਡਿਪਟੀ ਕਮਿਸ਼ਨਰ ਦੇ ਰੁੱਝੇ ਹੋਏ ਹੋਣ ਦੀ ਸੂਰਤ ਵਿੱਚ ਵਧੀਕ ਡਿਪਟੀ ਕਮਿਸ਼ਨਰ, ਸਰਕਾਰ ਵੱਲੋਂ ਸਵਰਗਵਾਸੀ ਸੁਤੰਤਰਤਾ ਸੰਗਰਾਮੀਆਂ ਦੇ ਸੰਸਕਾਰ ਸਮੇਂ ਹਾਜ਼ਰ ਹੋ ਕੇ ਸਰਕਾਰ ਵੱਲੋਂ ਯੋਗ ਸਨਮਾਨ ਦੇਣ।

ਫਰੀਡਮ ਫਾਈਟਰਜ਼ ਮੰਤਰੀ ਜੀ ਆਸ ਕਰਦੇ ਹਨ ਕਿ ਇਨ੍ਹਾਂ ਹਦਾਇਤਾਂ ਦੀ ਇੰਨ ਬਿਨ ਪਾਲਣਾ ਕੀਤੀ ਜਾਵੇਗੀ।

ਹਿੱਤੂ
[signature]
ਸਕੱਤਰ, ਫਰੀਡਮ ਫਾਈਟਰਜ਼

***

ਸਰਵੇਸ਼ ਕੌਸ਼ਲ, ਆਈ.ਏ.ਐਸ.,
Principal Secretary
ਪ੍ਰਮੁੱਖ ਸਕੱਤਰ

Tele. No.
ਟੈਲੀਫੋਨ ਨੰ.: 2741346

D.O. No. ~~1/10/2/90-3ਏਫ਼/~~ 375-397
ਅੱਧ ਸ.ਪੱ.ਨੰ.

Government of Punjab
ਪੰਜਾਬ ਸਰਕਾਰ

Department of
ਫਰੀਡਮ ਫਾਈਟਰ ਵਿਭਾਗ

Chandigarh, the 16/5/2012
ਚੰਡੀਗੜ੍ਹ

ਵਿਸ਼ਾ:- ਜ਼ਿਲੇ ਦੇ ਡਿਪਟੀ ਕਮਿਸ਼ਨਰਾਂ ਵੱਲੋਂ ਫਰੀਡਮ ਫਾਈਟਰਾਂ ਦੇ ਸਵਰਗਵਾਸ ਹੋਣ ਤੇ ਉਨ੍ਹਾਂ ਦੇ ਸੰਸਕਾਰ ਸਮੇਂ ਸਰਕਾਰ ਵਲੋਂ ਪ੍ਰਤੀਨਿਧਤਾ ਕਰਨ ਸਬੰਧੀ।

ਮੇਰੇ ਪਿਆਰੇ ਰਵੀ ਭਗਤ,

ਉਪਰੋਕਤ ਵਿਸ਼ੇ ਤੇ ਸਰਕਾਰ ਦੇ ਪੱਤਰ ਨੰ:4-102-8ਪੀ3-90/16279, ਮਿਤੀ 19.10.1990, ਅ.ਸ.ਪੱ.ਨੰ:4-102-8ਪੀ3-90/19591,ਮਿਤੀ 15.11.1991, ਨੰ:4-102-8ਪੀ3-90/17976,ਮਿਤੀ 7.10.92 ਅਤੇ ਬਾਅਦ ਵਿਚ ਜਾਰੀ ਕੀਤੇ ਪੱਤਰ ਨੰ:4-102-8ਪੀ3-90/ਸਪੈਸ਼ਲ-71, ਮਿਤੀ 19.2.1995 ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਹਵਾਲੇ ਅਧੀਨ ਪੱਤਰਾਂ ਰਾਹੀਂ ਸਰਕਾਰ ਵੱਲੋਂ ਸਮੇਂ ਸਮੇਂ ਸਿਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਰਹੀਆਂ ਹਨ ਕਿ ਦੇਸ਼ ਦੇ ਸਵਰਗਵਾਸੀ ਸੁਤੰਤਰਤਾ ਸੰਗਰਾਮੀਆਂ ਦੇ ਅੰਤਮ ਸੰਸਕਾਰ ਸਮੇਂ ਡਿਪਟੀ ਕਮਿਸ਼ਨਰ ਜਾਂ ਉਨ੍ਹਾਂ ਦੇ ਰੁੱਝੇ ਹੋਣ ਦੀ ਸੂਰਤ ਵਿੱਚ ਵਧੀਕ ਡਿਪਟੀ ਕਮਿਸ਼ਨਰ ਵੱਲੋਂ ਸਵਰਗਵਾਸੀ ਸੁਤੰਤਰਤਾ ਸੰਗਰਾਮੀਆਂ ਦੇ ਸੰਸਕਾਰ ਸਮੇਂ ਹਾਜ਼ਰ ਹੋ ਕੇ ਸਰਕਾਰ ਵੱਲੋਂ ਯੋਗ ਸਨਮਾਨ ਦਿੱਤਾ ਜਾਵੇ। ਹੁਣ ਸਰਕਾਰ ਨੇ ਮਾਨਯੋਗ ਮੁੱਖ ਮੰਤਰੀ ਜੀ ਦੇ ਪੱਤਰ ਤੇ ਮੁੜ ਇਹ ਫੈਸਲਾ ਲਿਆ ਹੈ ਕਿ ਸਬੰਧਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ/ਵਧੀਕ ਡਿਪਟੀ ਕਮਿਸ਼ਨਰ ਤੋਂ ਇਲਾਵਾ, ਸਬੰਧਤ ਜ਼ਿਲ੍ਹੇ ਦੇ ਮਾਨਯੋਗ ਮੰਤਰੀਆਂ, ਐਮ.ਐਲ.ਏ., ਸੰਸਦ ਮੈਂਬਰ ਅਤੇ ਹੋਰ ਪਤਵੰਤੇ ਸੱਜਣਾਂ ਨੂੰ ਵੀ ਆਜ਼ਾਦੀ ਘੁਲਾਟੀਆਂ ਦੇ ਸੰਸਕਾਰ ਤੇ ਪੁੱਜਣ ਦਾ ਯਤਨ ਕਰਨ ਹਿਤ ਡਿਪਟੀ ਕਮਿਸ਼ਨਰ ਵੱਲੋਂ ਉਨ੍ਹਾਂ ਨੂੰ ਤੁਰੰਤ ਸੂਚਨਾ ਦਿੱਤੀ ਜਾਵੇ ਜੀ।

3. ਮੈਂ ਧਨਵਾਦੀ ਹੋਵਾਂਗਾ ਜੇਕਰ ਆਪ ਆਪਣਾ ਨਿਜੀ ਧਿਆਨ ਦਿੰਦੇ ਹੋਏ ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰੋਗੇ।

ਸ਼ੁਭ ਇੱਛਾਵਾਂ ਸਹਿਤ

ਹਿਤੂ,

ਸਮੂਹ ਰਾਜ ਦੇ ਡਿਪਟੀ ਕਮਿਸ਼ਨਰਜ਼

1. ਸ੍ਰੀ ਰਜ਼ਤ ਅਗਰਵਾਲ, ਆਈ.ਏ.ਐਸ.,
ਡਿਪਟੀ ਕਮਿਸ਼ਨਰ, ਅੰਮ੍ਰਿਤਸਰ।

2. ਸ੍ਰੀਮਤੀ ਕਵਿਤਾ ਮੋਹਨ ਸਿੰਘ ਚੌਹਾਨ, ਆਈ.ਏ.ਐਸ.,
ਡਿਪਟੀ ਕਮਿਸ਼ਨਰ, ਬਰਨਾਲਾ।

3. ਸ੍ਰੀ ਅਮਿਤ ਢਾਕਾ, ਆਈ.ਏ.ਐਸ.,
ਡਿਪਟੀ ਕਮਿਸ਼ਨਰ, ਮਾਨਸਾ।

4 ਸ੍ਰੀ ਬਸੰਤ ਸਿੰਘ ਗਰਗ, ਆਈ.ਏ.ਐਸ.,
ਡਿਪਟੀ ਕਮਿਸ਼ਨਰ, ਫਾਜ਼ਿਲਕਾ।

5 ਸ੍ਰੀ ਸੀਬਿਨ ਸੀ., ਆਈ.ਏ.ਐਸ.,
ਡਿਪਟੀ ਕਮਿਸ਼ਨਰ, ਗੁਰਦਾਸਪੁਰ।

6 ਸ੍ਰੀ ਪ੍ਰਿਆਂਕ ਭਾਰਤੀ, ਆਈ.ਏ.ਐਸ.,
ਡਿਪਟੀ ਕਮਿਸ਼ਨਰ, ਜਲੰਧਰ।

7 ਸ੍ਰੀਮਤੀ ਅਲਕਨੰਦਾ ਦਿਆਲ, ਆਈ.ਏ.ਐਸ.,
ਡਿਪਟੀ ਕਮਿਸ਼ਨਰ, ਕਪੂਰਥਲਾ।

8 ਸ੍ਰੀ ਰਾਹੁਲ ਤਿਵਾੜੀ, ਆਈ.ਏ.ਐਸ.,
ਡਿਪਟੀ ਕਮਿਸ਼ਨਰ, ਲੁਧਿਆਣਾ।

9 ਸ੍ਰੀਮਤੀ ਸ਼ਰੂਤੀ ਸਿੰਘ, ਆਈ.ਏ.ਐਸ.,
ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ।

10 ਸ੍ਰੀ ਵਿਕਾਸ ਗਰਗ, ਆਈ.ਏ.ਐਸ.,
ਡਿਪਟੀ ਕਮਿਸ਼ਨਰ, ਪਟਿਆ ਲਾ।

11 ਸ੍ਰੀ ਜੀ.ਕੇ ਸਿੰਘ, ਆਈ.ਏ.ਐਸ.,
ਡਿਪਟੀ ਕਮਿਸ਼ਨਰ, ਰੂਪਨਗਰ।

12 ਸ੍ਰੀ ਕੁਮਾਰ ਰਾਹੁਲ, ਆਈ.ਏ.ਐਸ.,
ਡਿਪਟੀ ਕਮਿਸ਼ਨਰ, ਸੰਗਰੂਰ।

13 ਸ੍ਰੀ ਸਤਵੰਤ ਸਿੰਘ ਜੌਹਲ, ਆਈ.ਏ.ਐਸ.,
ਡਿਪਟੀ ਕਮਿਸ਼ਨਰ, ਤਰਨ ਤਾਰਨ।

14 ਸ੍ਰੀ ਅਰਸ਼ਦੀਪ ਸਿੰਘ ਥਿੰਦ, ਆਈ.ਏ.ਐਸ.,
ਡਿਪਟੀ ਕਮਿਸ਼ਨਰ, ਮੋਗਾ।

15 ਸ੍ਰੀ ਰਵੀ ਭਗਤ, ਆਈ.ਏ.ਐਸ.,
ਡਿਪਟੀ ਕਮਿਸ਼ਨਰ, ਫਰੀਦਕੋਟ।

16 ਸ੍ਰੀ ਪਰਮਜੀਤ ਸਿੰਘ, ਆਈ.ਏ.ਐਸ.,
ਡਿਪਟੀ ਕਮਿਸ਼ਨਰ, ਮੁਕਤਸਰ।

17 ਸ੍ਰੀ ਵਰੁਨ ਰੂਜ਼ਮ, ਆਈ.ਏ.ਐਸ.,
ਡਿਪਟੀ ਕਮਿਸ਼ਨਰ, ਮੋਹਾਲੀ।

18 ਸ੍ਰੀ ਸੀਬਿਨ ਸੀ., ਆਈ.ਏ.ਐਸ.,
ਡਿਪਟੀ ਕਮਿਸ਼ਨਰ, ਪਠਾਨਕੋਟ।

19\. ਸ੍ਰੀ ਦੀਪਇੰਦਰ ਸਿੰਘ, ਆਈ.ਏ.ਐਸ.,
ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ।

20\. ਸ੍ਰੀ ਕਮਲ ਕਿਸ਼ੋਰ ਯਾਦਵ, ਆਈ.ਏ.ਐਸ.,
ਡਿਪਟੀ ਕਮਿਸ਼ਨਰ, ਬਠਿੰਡਾ।

21\. ਸ੍ਰੀ ਯਸਵੀਰ ਮਹਾਜਨ, ਆਈ.ਏ.ਐਸ.,
ਡਿਪਟੀ ਕਮਿਸ਼ਨਰ, ਫਤਿਹਗੜ੍ਹ ਸਾਹਿਬ।

22\. ਡਾ. ਐਸ. ਕਰੁਨਾ ਰਾਜੂ, ਆਈ.ਏ.ਐਸ.,
ਡਿਪਟੀ ਕਮਿਸ਼ਨਰ, ਫਿਰੋਜ਼ਪੁਰ।